# ਅੱਖਾਂ ਦਾ ਦਾਨ-ਮਹਾਦਾਨ

## ਅੱਖਾਂ ਦਾ ਦਾਨ ਮਰਕੇ ਵੀ ਜ਼ਿੰਦਾ ਰਹਿਨ ਲਈ ਇੱਕ ਵਰਦਾਨ

### ਅੱਖਾਂ ਦੇ ਦਾਨ ਬਾਰੇ ਸਾਧਾਰਨ ਜਾਣਕਾਰੀ

ਅੱਖਾਂ ਦਾ ਦਾਨ, ਮੌਤ ਹੋਣ ਤੋਂ ਬਾਅਦ ਪਰਿਵਾਰ ਦੀ ਸਹਿਮਤੀ ਦੇ ਨਾਲ ਕੀਤਾ ਜਾਂਦਾ ਹੈ



- ਕਿਸੀ ਵੀ ਉਮਰ, ਲਿੰਗ, ਬਲੱਡ ਗਰੁੱਪ, ਧਰਮ ਵਾਲਾ ਅੱਖਾਂ ਦਾ ਦਾਨ ਕਰ ਸਕਦਾ ਹੈ।
- ਸ਼ੂਗਰ ਜਾਂ ਹਾਈ ਬਲੱਡ ਪ੍ਰੈਸ਼ਰ ਦਾ ਮਰੀਜ਼ ਵੀ ਅੱਖਾਂ ਦਾ ਦਾਨ ਕਰ ਸਕਦਾ ਹੈ।
- ਕੋਈ ਵੀ ਜਿਸਨੂੰ ਚਿੱਟਾ ਮੋਤੀਆ ਜਾਂ ਐਨਕਾਂ ਲਗੀਆਂ ਹੋਣ, ਅੱਖਾਂ ਦਾ ਦਾਨ ਕਰ ਸਕਦਾ ਹੈ।

ਅੱਖਾਂ, ਮੌਤ ਹੋਣ ਤੋਂ ਬਾਅਦ 6-8 ਘੰਟਿਆਂ'ਚ ਕੱਡੀਆਂ ਜਾ ਸਕਦੀਆਂ ਹਨ। ਇਹ ਵਿਧੀ ਕਿਤੇ ਵੀ ਕਿਤੀ ਜਾ ਸਕਦੀ ਹੈ, ਜਿਸ ਲਈ ਦਾਨ ਕਰਨ ਵਾਲੇ ਦੇ ਪਰਿਵਾਰ ਦਾ ਕੋਈ ਖਰਚਾ ਨਹੀ ਹੁੰਦਾ। ਹੋਰ ਜ਼ਰੂਰੀ ਟੈਸਟ ਕਰਨ ਲਈ ਮਿਰਤ ਵਿਅਕਤੀ ਦਾ 10ml ਖੂਨ ਲਿਆ ਜਾਂਦਾ ਹੈ। ਦਾਨ ਕਰਨ ਵਾਲੇ ਅਤੇ ਪ੍ਰਾਪਤ ਕਰਨ ਵਾਲੇ ਵਿਅਕਤੀ ਦੀ ਜਾਣਕਾਰੀ, ਇੱਕ ਦੂਜੇ ਨੂੰ ਨਹੀ ਦਿੱਤੀ ਜਾਂਦੀ; ਜੋ ਕਿ ਗੁਪੱਤ ਰੱਖੀ ਜਾਂਦੀ ਹੈ।

**ਇੱਕ ਅੱਖ ਦਾਨੀ ਦੇ ਤੌਰ ਤੇ ਆਪਣੇ ਆਪ ਨੂੰ ਰਜਿਸਟਰ ਕਰਵਾਣ ਸਮੇਂ, ਆਪਣੇ ਪਰਿਵਾਰ, ਦੋਸਤ, ਵਕੀਲ, ਨਿਜੀ ਡਾਕਟਰ, ਨੂੰ ਇਸ ਮਾਮਲੇ ਬਾਰੇ ਜ਼ਰੂਰ ਦੱਸੋ ਕਿਉਂਕਿ ਜੇ ਪਰਿਵਾਰ ਇਸ ਮਾਮਲੇ ਤੋਂ ਅਨਜਾਣ ਹੋਵੇ ਜਾਂ ਭੁੱਲ ਜਾਵੇ ਜਾਂ ਨਜ਼ਰਅੰਦਾਜ਼ ਕਰ ਦੇਵੇ ਤਾਂ ਇਹ ਪੇਸ਼ਕਸ਼ ਅਧੂਰੀ ਰਹ ਜਾਵੇਗੀ।**

### ਆਮ ਸਵਾਲ

**ਪੁਤਲੀ (Cornea) ਕੀ ਹੈ?**

ਪੁਤਲੀ, ਅੱਖ ਦੇ ਕਾਲੇ ਹਿੱਸੇ ਦੇ ਸਾਹਮਣੇ ਸਾਫ, ਪਾਰਦਰਸ਼ੀ ਗੁੰਬਦ ਹੈ।

**ਕਿਸ ਕਾਰਨ, ਪੁਤਲੀ ਧੁੰਧਲੀ ਹੋ ਜਾਂਦੀ ਹੈ?**

- ਇਨਫੈਕਸ਼ਨ
- ਸੱਟਾਂ
- ਅਸੰਤੁਲਿਤ ਭੋਜਨ
- ਜਨਮਜਾਤ/ਪਿਛਲੀ ਪਿੜੀ ਤੋਂ

**ਪੁਤਲੀ ਤਬਦੀਲੀ ਕੀ ਹੈ?**

ਇਹ ਆਪ੍ਰੈਸ਼ਨ ਹੈ ਜਿਸ ਵਿੱਚ ਧੁੰਧਲੀ ਪੁਤਲੀ ਨੂੰ ਦਾਨ ਕਿਤੀ ਹੋਈ ਸਾਫ ਪੁਤਲੀ ਨਾਲ ਬਦਲ ਦਿੱਤਾ ਜਾਂਦਾ ਹੈ।

**ਕੀ ਇੱਕ ਇਨਸਾਨ ਜੋ ਕਿ ਅੱਖ ਦੇ ਪਰਦੇ ਜਾਂ ਆਪਟਿਕ ਨਸ ਦੀ ਬਿਮਾਰੀ ਕਾਰਨ ਅੰਨ੍ਹਾ ਹੈ ਉਹ ਅੱਖ ਦਾਨ ਕਰ ਸਕਦਾ ਹੈ?**

ਹਾਂ, ਪਰ ਉਸਦੀ ਪੁਤਲੀ ਸਾਫ ਹੋਣੀ ਚਾਹਿਦੀ ਹੈ।

**ਕੀ ਦਾਨ ਕਰਨ ਵਾਲੇ ਦੀ ਪੂਰੀ ਅੱਖ ਪਾਈ ਜਾਂਦੀ ਹੈ?**

ਨਹੀਂ, ਸਿਰਫ ਪੁਤਲੀ ਹੀ ਪਾਈ ਜਾਂਦੀ ਹੈ।

**ਅੱਖ ਦਾਨ ਕਾਰਨ ਸੰਸਕਾਰ ਦੇ ਪ੍ਰਬੰਧ ਵਿੱਚ ਕੋਈ ਦੇਰੀ ਹੋਵੇਗੀ?**

ਨਹੀਂ,ਪੁਤਲੀ ਕੱਢਣ ਨੂੰ ਸਿਰਫ 15-20 ਮਿੰਟ ਲਗਦੇ ਹਨ ਤੇ ਇਸ ਨਾਲ ਸ਼ਕਲ ਤੇ ਕੋਈ ਪ੍ਰਭਾਵ ਨਹੀਂ ਪੈਂਦਾ ਜਿਸ ਕਾਰਨ ਸੰਸਕਾਰ ਦੀ ਵਿਧੀ'ਚ ਕੋਈ ਵੀ ਰੁਕਾਵਟ ਆਵੇ

**ਕੌਣ ਅੱਖਾਂ ਦਾ ਦਾਨ ਨਹੀਂ ਕਰ ਸਕਦਾ?**

ਜਿਸਦੀ ਮੌਤ ਦਾ ਕਾਰਨ ਨਾ ਪਤਾ ਚੱਲੇ ਜਾਂ ਜਿਸਦੀ ਮੌਤ ਇਨਫੈਕਸ਼ਨ ਜਿਵੇਂ ਰੇਬੀਸ (Rabies), ਸਿਫਲਿਸ (Syphilis), ਇਨਫੈਕਸ਼ਸ ਹੈਪੇਟਾਈਟਿਸ (Infectious Hepatitis), ਸੈਪਟੀਸੀਮੀਆ (Septicemia) ਅਤੇ ਏਡਜ਼ ਨਾਲ ਹੋਵੇ ਉਹ ਅੱਖਾਂ ਦਾ ਦਾਨ ਨਹੀਂ ਕਰ ਸਕਦਾ।

**ਜੋ 18 ਸਾਲ ਤੋਂ ਉਪਰ ਹਨ ਉਹ ਪਲੈਜ ਫਾਰਮ (PLEDGE FORM) ਭਰ ਕੇ ਆਪਣਾ ਨਾਮ ਅੱਖਾਂ ਦੇ ਦਾਨ ਲਈ ਦਰਜ ਕਰਵਾ ਸਕਦੇ ਹਨ, ਅੱਖਾਂ ਦਾ ਦਾਨ ਕਰਨ ਲਈ ਉਮਰ ਦਾ ਕੋਈ ਬੰਧਨ ਨਹੀਂ ਹੈ।**

### ਅੱਖਾਂ ਦਾਨ ਕਰਨ ਲਈ, ਮਿਰਤ ਦੇ ਰਿਸ਼ਤੇਦਾਰ ਹੇਠ ਦੱਸੇ ਅਨੁਸਾਰ ਕਰਨ:

- ਮਿਰਤ ਦੀਆਂ ਪਲਕਾਂ ਬੰਦ ਰੱਖੋ;
- ਪੱਖੇ ਨੂੰ ਬੰਦ ਰੱਖੋ;
- ਮਿਰਤ ਦਾ ਸਿਰ, ਸਿਰਹਾਣੇ ਦੀ ਮਦਦ ਨਾਲ ਉਪਰ ਨੂੰ ਰੱਖੋ;
- ਜਲਦੀ ਹੀ ਹਸਪਤਾਲ ਨਾਲ ਸੰਪਰਕ ਕਰੋ;
- ਆਸਾਨੀ ਨਾਲ ਜਗ੍ਹਾ ਲੱਭਣ ਲਈ, ਹਸਪਤਾਲ ਦੀ ਟੀਮ ਨੂੰ ਸਹੀ ਪਤਾ ਅਤੇ ਨੰਬਰ ਦਿਓ;
- ਜੇਕਰ ਡਾਕਟਰ ਵਲੋਂ ਦਿਤਾ ਗਿਆ ਮੌਤ ਦਾ ਪ੍ਰਮਾਣ ਪੱਤਰ ਹੈ ਤਾਂ ਤਿਆਰ ਰੱਖੋ;
- ਅੱਖਾਂ ਦਾ ਦਾਨ, ਦੋ ਗਵਾਹਾਂ ਦੀ ਮੌਜੂਦਗੀ'ਚ ਰਿਸ਼ਤੇਦਾਰ ਦੀ ਲਿਖਤੀ ਸਿਹਮਤੀ ਮਿਲਣ ਤੇ ਹੀ ਕਿਤਾ ਜਾਂਦਾ ਹੈ।

## ਅੱਖਾਂ ਦੇ ਦਾਨ ਨੂੰ ਆਪਣੇ ਪਰਿਵਾਰ ਦੀ ਰੀਤ ਬਣਾਓ


## ਮਹਾਜਨ ਅੱਖਾਂ ਦਾ ਹਸਪਤਾਲ

☎9316511222, 9988593317, 0181-2227608, E-mail vjmahajan183@gmail.com